بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.11.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਨਵੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيمِ۔ اَلْحَمْدُ لِلّٰهِ رَبِّ الْعَالَمِينَ۔ الرَّحْمٰنِ الرَّحِيمِ۔ مَالِكِ يَوْمِ الدِّينِ۔ إِيَّاكَ نَعْبُدُ وَإِيَّاكَ نَسْتَعِينُ۔
اِهْدِنَا الصِّرَاطَ الْمُسْتَقِيمَ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਹਜ਼ਰਤ ਅਲੀ ਬਿਨ ਅਬੂ ਤਾਲਿਬ ਦਾ ਜ਼ਿਕਰ ਕਰਾਂਗਾ । ਇਹਨਾਂ ਦੇ ਪਿਤਾ ਦਾ ਨਾਂ ਅਬਦੁਲ ਮੁਨਾਫ਼ ਸੀ ਜਿੰਨ੍ਹਾ ਦਾ ਸਿਰਨਾਵਾਂ ਅਬੂਤਾਲਿਬ ਸੀ । ਆਪ ਦੀ ਮਾਤਾ ਦਾ ਨਾਂ ਫ਼ਾਤਿਮਾ ਬਿੰਤ ਅਸਦ ਬਿਨ ਹਾਸ਼ਮ ਸੀ । ਆਪ ਨਬੀ ਕਰੀਮ ਦੇ ਪ੍ਰਗਟ ਹੋਣ ਤੋਂ ਦੱਸ ਸਾਲ ਪਹਿਲਾਂ ਪੈਦਾ ਹੋਏ ਸਨ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਹੁਲੀਏ (ਬਣਤਰ) ਬਾਰੇ ਵਰਨਣ ਹੁੰਦਾ ਹੈ ਕਿ ਆਪ ਦਾ ਕੱਦ ਦਰਮਿਆਨਾ ਸੀ, ਅਖੱਾਂ ਕਾਲੀਆਂ ਸਨ, ਸ਼ਰੀਰ ਭਾਰਾ ਸੀ ਅਤੇ ਕੰਧੇ ਚੌੜੇ ਸਨ । ਹਜ਼ਰਤ ਅਲੀ ਦੇ ਤਿੰਨ ਭਰਾ ਅਤੇ ਦੋ ਭੈਣਾ ਸਨ, ਇਹਨਾਂ ਦੇ ਭਰਾ ਤਾਲਿਬ, ਅਕੀਲ ਅਤੇ ਜਾਅਫ਼ਰ ਅਤੇ ਭੈਣਾਂ ਉਮੇ ਹਾਨੀ ਅਤੇ ਉਮੇ ਜਮਾਨਾ ਸਨ । ਇਹਨਾ ਵਿੱਚ ਤਾਲਿਬ ਤੇ ਜਮਾਨਾ ਤੋਂ ਬਿਨਾ ਸਾਰਿਆਂ ਨੇ ਇਸਲਾਮ ਕੁਬੂਲ ਕਰ ਲਿਆ ਸੀ । ਹਜ਼ਰਤ ਅਲੀ ਦੇ ਸਿਰਨਾਵੇਂ ਅਬੁਲ ਹਸਨ, ਅਬੁਲ ਸਬਤੀਨ ਅਤੇ ਅਬੂ ਤੁਰਾਬ ਸਨ । ਸਹੀ ਮੁਖ਼ਾਰੀ ਦੀ ਰਿਵਾਇਤ ਅਨੁਸਾਰ ਹਜ਼ਰਤ ਸਹਲ ਬਿਨ ਸਅਦ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਫ਼ਾਤਿਮਾ ਦੇ ਘਰ ਆਏ ਤਾਂ ਹਜ਼ਰਤ ਅਲੀ ਨੂੰ ਨ ਦੇਖਿਆ ਤਾਂ ਆਪ ਨੇ ਪੁੱਛਿਆ ਤੁਹਾਡੇ ਚਾਚੇ ਦਾ ਪੁਤੱਰ ਕਿੱਥੇ ਹੈ ? ਫ਼ਾਤਿਮਾ ਨੇ ਕਿਹਾ ਮੇਰੇ ਅਤੇ ਉਹਨਾ ਵਿੱਚ ਕੋਈ ਗੱਲ ਹੋ ਗਈ ਸੀ, ਫਿਰ ਉਹ ਮੈਥੋਂ ਨਰਾਜ਼ ਹੋਕੇ ਚਲੇ ਗਏ ਅਤੇ ਦੁਪਹਿਰ ਦੇ ਖਾਣੇ ਦੇ ਬਾਦ ਕੁਝ ਸਮੇ ਲਈ ਅਰਾਮ ਵੀ ਮੇਰੇ ਕੋਲ ਨਹੀਂ ਕੀਤਾ, ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਕਿਸੇ ਵਿਅਕਤੀ ਨੂੰ ਕਿਹਾ ਦੇਖੋ ਉਹ ਕਿੱਥੇ ਹਨ । ਉਹ ਆਇਆ ਅਤੇ ਕਿਹਾ ਹੇ ਰਸੂਲੁਲੱਾਹ ਉਹ ਮਸਜਿਦ ਵਿੱਚ ਸੁੱਤੇ ਹੋਏ ਹਨ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮਸਜਿਦ ਵਿੱਚ ਚਲੇ ਗਏ ਅਤੇ ਹਜ਼ਰਤ ਅਲੀ ਉੱਥੇ ਲੇਟੇ ਹੋਏ ਸਨ । ਉਹਨਾ ਦੇ ਇਕ ਪਾਸਿਓਂ ਚਦੱਰ ਹਟੀ ਹੋਈ ਸੀ ਅਤੇ ਕੁਝ ਮਿੱਟੀ ਲੱਗ ਗਈ ਸੀ । ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲੱਮ ਨੇ ਮਿੱਟੀ ਪੂੰਝੀ ਅਤੇ ਫ਼ਰਮਾਇਆ ਉੱਠੋ ਅਬੂ ਤੁਰਾਬ, ਉੱਠੋ ਅਬੂ ਤੁਰਾਬ, ਉਸ ਸਮੇਂ ਤੋਂ ਇਹਨਾ ਦਾ ਸਿਰਨਾਵਂ ਅਬੂ ਤੁਰਾਬ ਪੈ ਗਿਆ ਅਤੇ ਇਸ ਨਾਂ ਨਾਲ ਪੁਕਾਰੇ ਜਾਣ ਲੱਗੇ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਪਾਲਣਾ ਵਿੱਚ ਕਿਵੇਂ ਆਏ ਇਸ ਬਾਰੇ ਵਰਨਣ ਹੈ ਕਿ ਹਜ਼ਰਤ ਅਬੂ ਤਾਲਿਬ ਦਾ ਪਰਿਵਾਰ ਵਡੱਾ ਸੀ, ਸੋ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਚਾਚਾ ਹਜ਼ਰਤ ਅਬੱਾਸ ਨੂੰ ਜੋ ਬਨੂ ਹਾਸ਼ਮਾਂ ਵਿੱਚੋਂ ਬਹੁਤੇ ਖ਼ੁਸ਼ਹਾਲ ਸਨ ਫ਼ਰਮਾਇਆ ਕਿ ਹੇ ਅਬੱਾਸ ! ਆਪਦੇ ਭਰਾ ਅਬੂ ਤਾਲਿਬ ਦਾ ਪਰਿਵਾਰ ਵਡੱਾ ਹੈ । ਅਕਾਲ ਕਰਕੇ ਲੋਕਾਂ ਦੀ ਜੋ ਹਾਲਤ ਹੈ ਆਪ ਦੇਖ ਰਹੇ ਹਨ, ਆਪ ਮੇਰੇ ਨਾਲ ਚੱਲੋ ਤਾਂ ਅਸੀਂ ਇਹਨਾ ਦੀ ਪਰਿਵਾਰਕ ਔਕੜ ਘੱਟ ਕਰੀਏ । ਇਹਨਾ ਦੇ ਪੁਤੱਰਾਂ ਵਿੱਚੋਂ ਇਕ ਮੈਂ ਲੈ ਲੈਂਦਾ ਹਾਂ ਇਕ ਆਪ ਲੈ ਲੈਂਣ । ਹਜ਼ਰਤ ਅਬੱਾਸ ਨੇ ਕਿਹਾ ਠੀਕ ਹੈ । ਦੋਵੇਂ ਹਜ਼ਰਤ ਅਬੂ ਤਾਲਿਬ ਕੋਲ ਆਏ ਅਤੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਆਪਦੀ ਪਰਿਵਾਰਕ ਔਕੜ ਵਿੱਚ ਕੁਝ ਕਮੀ ਕਰ ਦੇਈਏ । ਇੱਥੋਂ ਤੱਕ ਕਿ ਲੋਕਾਂ ਦੀ ਉਹ ਹਾਲਤ ਖ਼ਤਮ ਹੋ ਜਾਏ ਜਿਸ ਵਿੱਚ ਉਹ ਗ੍ਰਿਸੇ ਹੋਏ ਹਨ । ਹਜ਼ਰਤ ਅਬੂ ਤਾਲਿਬ ਨੇ ਕਿਹਾ ਕਿ ਅਕੀਲ ਨੂੰ ਮੇਰੇ ਕੋਲ ਰਹਿਣ ਦਿਓ, ਇਸ ਤੋਂ ਬਿਨਾ ਜੋ ਮਰਜ਼ੀ ਕਰੋ । ਸੋ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਦਾ ਹੱਥ ਫੜਕੇ ਉਹਨਾਂ ਨੇ ਆਪਣੇ ਨਾਲ ਲਾ ਲਿਆ ਅਤੇ ਹਜ਼ਰਤ ਅਬੱਾਸ ਨੇ ਜਾਅਫ਼ਰ ਨੂੰ ਲਿਆ ਅਤੇ ਆਪਣੇ ਨਾਲ ਲਾ ਲਿਆ । ਹਜ਼ਰਤ ਅਲੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਰਹੇ । ਇੱਥੋਂ ਤੱਕ ਕਿ ਅਲੱਾਹ ਤਆਲਾ ਨੇ ਆਪ ਸਲਲੱਾਹੁ ਅਐਹਿ ਵਨਲੱਮ ਨੂੰ ਨਬੀ ਦੇ ਰੂਪ ਵਿੱਚ ਪ੍ਰਕਟ ਕਰ ਦਿਤੱਾ ਫਿਰ ਹਜ਼ਰਤ ਅਲੀ ਨੇ ਆਪ ਦੀ ਪੈਰ੍ਹਵੀ ਧਾਰਣ ਕਰ ਲਈ ਅਤੇ ਆਪ'ਤੇ ਇਮਾਨ ਲੈ ਆਏ ਅਤੇ ਆਪਦੀ ਤਸਦੀਕ ਕੀਤੀ ਅਤੇ ਹਜ਼ਰਤ ਜਾਅਫ਼ਰ ਹਜ਼ਰਤ ਅਬੱਾਸ ਕੋਲ ਰਹੇ ਇੱਥੋਂ ਤੱਕ ਕਿ ਉਹਨਾ ਨੇ ਵੀ ਇਸਲਾਮ ਕੁਬੂਲ ਕਰ ਲਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਘਟਨਾ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਇਉਂ ਵਰਨਣ ਕੀਤੀ ਹੈ ਕਿ ਅਬੂ ਤਾਲਿਬ ਇਕ ਬਹੁਤ ਵਕਾਰ ਰਖੱਣ ਵਾਲੇ ਵਿਅਕਤੀ ਸਨ ਪਰ ਗ਼ਰੀਬ ਸਨ ਅਤੇ ਬਹੁਤ ਤੰਗੀ ਨਾਲ ਜੀਵਨ ਲੰਘਾ ਰਹੇ ਸਨ । ਵਿਸ਼ੇਸ਼ ਕਰਕੇ ਇਹਨਾ ਦਿਨਾ ਵਿੱਚ ਜੱਦ ਕਿ ਮੱਕੇ ਵਿੱਚ ਆਕਾਲ ਦੀ ਅਵਸਥਾ ਸੀ, ਇਹਨਾ ਦਿਨਾਂ ਵਿੱਚ ਬਹੁਤ ਹੀ ਔਖੇ ਦਿਨ ਲੰਘ ਰਹੇ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਚਾਚਾ ਦੇ ਇਸ ਕਸ਼ਟ ਨੂੰ ਦੇਖਿਆ ਤਾਂ ਆਪਣੇ ਦੂਜੇ ਚਾਚਾ ਅਬੱਾਸ ਨੂੰ ਇਕ ਦਿਨ ਆਖਣ ਲੱਗੇ ਕਿ ਚਾਚਾ ਆਪਦੇ ਭਰਾ ਅਬੂ ਤਾਲਿਬ ਦੀ ਆਰਥਕ ਅਵਸਥਾ ਬਹੁਤ ਮਾੜੀ ਹੈ । ਕਿੰਨ੍ਹਾ ਹੀ ਚੰਗਾ ਹੋਵੇ ਕਿ ਉਹਨਾ ਦੇ ਪੁਤੱਰਾਂ ਵਿੱਚ ਇਕ ਨੂੰ ਆਪ ਆਪਣੇ ਘਰ ਲੈ ਆਉਣ ਅਤੇ ਇਕ ਨੂੰ ਮੈਂ ਲੈ ਆਵਾਂ । ਅਬੱਾਸ ਨੇ ਇਸ ਤਜਵੀਜ਼ ਨਾਲ ਸਹਿਮਤੀ ਦਿਖਾਈ ਅਤੇ ਫ਼ਿਰ ਦੋਵੇ ਮਿਲਕੇ ਅਬੂ ਤਾਲਿਬ ਕੋਲ ਆਏ ਅਤੇ ਉਹਨਾ ਦੇ ਸਾਹਮਣੇ ਬਿਨਤੀ ਪੇਸ਼ ਕੀਤੀ । ਉਹਨਾ ਨੂੰ ਆਪਣੀ ਸੰਤਾਨ ਵਿੱਚੋਂ ਅਕੀਲ ਨਾਲ ਬਹੁਤ ਸਨੇਹ ਸੀ । ਕਹਿਣ ਲੱਗੇ ਅਕੀਲ ਨੂੰ ਮੇਰੇ ਕੋਲ ਰਹਿਣ ਦਿਓ ਅਤੇ ਬਾਕੀਆਂ ਨੂੰ ਜੇਕਰ ਤੁਹਾਡੀ ਇਛੱਾ ਹੈ ਤਾਂ ਲੈ ਜਾਓ । ਸੋ, ਜਾਅਫ਼ਰ ਨੂੰ ਅਬੱਾਸ ਆਪਣੇ ਘਰ ਲੈ ਆਏ ਅਤੇ ਅਲੀ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਆਪਣੇ ਕੋਲ ਲੈ ਆਏ । ਹਜ਼ਰਤ ਅਲੀ ਰਜ਼ੀ ਅਲੱਾਲਹ ਅਨਹੁ ਉਸ ਸਮੇਂ ਲਗਭਗ ਛੇ ਸਾਲ ਦੇ ਸਨ । ਇਸ ਦੇ ਬਾਦ ਹਜ਼ਰਤ ਅਲੀ ਹਮੇਸ਼ਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਕੋਲ ਰਹੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਅਲੀ ਦੇ ਇਮਾਨ ਲਿਆਉਣ ਬਾਰੇ ਫ਼ਰਮਾਉਂਦੇ ਹਨ : ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਘਰ ਵਿੱਚ ਰੱਬ ਦੀ ਵਹੀ ਬਾਰੇ ਗਲੱਾਂ ਹੋਈਆਂ ਤਾਂ ਜ਼ੈਦ ਬਿਨ ਹਾਰਸ ਗ਼ੁਲਾਮ ਜੋ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਘਰ ਵਿੱਚ ਰਹਿੰਦਾ ਸੀ ਅੱਗੇ ਵੱਧਿਆ ਅਤੇ ਉਸ ਨੇ ਕਿਹਾ, ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੈਂ ਆਪ'ਤੇ ਇਮਾਨ ਲਿਆਉਂਦਾ ਹਾਂ । ਇਸ ਦੇ ਬਾਦ ਹਜ਼ਰਤ ਅਲੀ ਜਿੰਨ੍ਹਾ ਦੀ ਉਮਰ ਉਸ ਸਮੇਂ ਗਿਆਰ੍ਹਾਂ ਸਾਲ ਸੀ ਅਤੇ ਉਹ ਹੁਣੇ ਬੱਚੇ ਹੀ ਸਨ ਅਤੇ ਉਹ ਦਰਵਾਜੇ ਨਾਲ ਖੜੇ ਹੋਕੇ ਇਹਨਾ ਗਲੱਾਂ ਨੂੰ ਸੁਣ ਰਹੇ ਸਨ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਖ਼ਦੀਜਾ ਵਿਚਕਾਰ ਹੋ ਰਹੀਆਂ ਸਨ । ਜੱਦ ਇਹਨਾਂ ਨੇ ਇਹ ਸੁਣਿਆ ਕਿ ਖ਼ੁਦਾ ਦਾ ਸੰਦੇਸ਼ ਆਇਆ ਹੈ ਤਾਂ ਉਹ ਅਲੀ ਜੋ ਇਕ ਹੋਣਹਾਰ ਤੇ ਹੁਸ਼ਿਆਰ ਬਚੱਾ ਸੀ, ਉਹ ਅਲੀ ਜਿਸ ਦੇ ਅੰਦਰ ਨੇਕੀ ਸੀ, ਉਹ ਅਲੀ ਜਿਸਦੀ ਨੇਕੀਆਂ ਦੀਆਂ ਭਾਵਨਾਵਾਂ ਜੋਸ਼ ਮਾਰਦੀਆਂ ਰਹਿੰਦੀਆਂ ਸਨ ਪਰ ਵੱਧ ਫੁੱਲ ਨਹੀਂ ਰਹੀਆਂ ਸਨ, ਉਹ ਅਲੀ ਜਿਸ ਦੀਆ ਭਾਵਨਾਵਾਂ ਬਹੁਤ ਬੁਲੰਦ ਸਨ ਪਰ ਹੁਣ ਤੱਕ ਹਿੱਕ ਵਿੱਚ ਦੱਬੀਆਂ ਹੋਈਆਂ ਸਨਨ ਅਤੇ ਉਹ ਅਲੀ ਜਿਸ ਵਿੱਚ ਰੱਬ ਨੇ ਪਰਵਾਨਗੀ ਦਾ ਮਾਦਾ ਰੱਖਿਆ ਹੋਇਆ ਸੀ ਪਰ ਹੁਣ ਤੱਕ ਉਸ ਨੂੰ ਮੌਕਾ ਨਹੀਂ ਮਿਲਿਆ ਸੀ । ਉਸ ਨੇ ਜੱਦ ਦੇਖਿਆ ਕਿ ਹੁਣ

ਮੇਰੀਆਂ ਭਾਵਨਾਵਾਂ ਦੇ ਵਧੱਣ ਫੁਲੱਣ ਦਾ ਸਮਾਂ ਆ ਗਿਆ ਹੈ, ਉਸ ਨੇ ਜੱਦ ਦੇਖਿਆ ਕਿ ਹੁਣ ਮੇਰੇ ਜਜ਼ਬਾਤਾਂ ਦੇ ਵਧੱਣ ਫੁਲੱਣ ਦਾ ਮੌਕਾ ਆ ਗਿਆ ਹੈ, ਉਸ ਨੇ ਜੱਦ ਦੇਖਿਆ ਕਿ ਹੁਣ ਮੈਂਨੂੰ ਰੱਬ ਆਪਣੇ ਵੱਲ ਬੁਲਾ ਰਿਹਾ ਹੈ ਤਾਂ ਉਹ ਬਚੱਾ ਜਿਹਾ ਅਲੀ ਆਪਣੇ ਦਰਦ ਨੂੰ ਹਿੱਕ ਵਿੱਚ ਸਮੋਏ ਹੋਏ ਸ਼ਰਮਾਉਂਦਿਆਂ ਹੋਇਆ ਅੱਗੇ ਵੱਧਿਆ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਜਿਸ ਗੱਲ'ਤੇ ਮੇਰੀ ਚਾਚੀ ਇਮਾਨ ਲਿਆਈ ਹੈ ਅਤੇ ਜਿਸ ਗੱਲ'ਤੇ ਜ਼ੈਦ ਇਮਾਨ ਲਿਆਇਆ ਹੈ ਉਸ ਗੱਲ'ਤੇ ਮੈਂ ਵੀ ਇਮਾਨ ਲਿਆਉਂਦਾ ਹਾਂ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਇਕ ਵਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਅਲੀ ਮੱਕੇ ਦੀ ਕਿਸੇ ਘਾਟੀ ਵਿੱਚ ਨਮਾਜ਼ ਪੜ੍ਹ ਰਹੇ ਸਨ ਕਿ ਅਚਾਨਕ ਇਸ ਪਾਸਿਓਂ ਅਬੂ ਤਾਲਿਬ ਦਾ ਲਾਂਘਾ ਹੋਇਆ । ਅਬੂ ਤਾਲਿਬ ਨੂੰ ਹੁਣ ਤੱਕ ਇਸਲਾਮ ਦੀ ਕੋਈ ਖ਼ਬਰ ਨਹੀਂ ਸੀ । ਇਸ ਲਈ ਉਹ ਖੜੇ ਹੋਕੇ ਅਤਿਅੰਤ ਹੈਰਾਨੀ ਨਾਲ ਇਹ ਦ੍ਰਿਸ਼ ਦੇਖਦੇ ਰਹੇ । ਜੱਦ ਆਪ ਸਲਲੱਾਹੁ ਅਲੈਹਿ ਵਸਲੱਮ ਨਮਾਜ਼ ਖ਼ਤਮ ਕਰ ਚੁੱਕੇ ਤਾਂ ਇਹਨਾ ਨੇ ਪੁੱਛਿਆ ਭਤੀਜੇ ਇਹ ਕੀ ਧਰਮ ਹੈ ਜੋ ਤੁਸੀਂ ਧਾਰਨ ਕੀਤਾ ਹੈ ? ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ : ਚਾਚਾ ਇਹ ਦੀਨਿ ਇਲਾਹੀ ਅਤੇ ਦੀਨਿ ਇਬ੍ਰਾਹੀਮ ਹੈ ਅਤੇ ਆਪ ਨੇ ਅਬੂਤਾਲਬਿ  ਨੂੰ ਸੰਖੇਪ ਜਿਹੇ ਇਸਲਾਮ ਦੀ ਸਦੱਾ ਦਿਤੱਾ, ਪਰ ਅਬੂ ਤਾਲਿਬ ਨੇ ਇਹ ਕਹਿਕੇ ਟਾਲ ਦਿਤੱਾ ਕਿ ਮੈਂ ਆਪਣੇ ਬਾਪ ਦਾਦੇ ਦਾ ਧਰਮ ਨਹੀਂ ਛੱਡ ਸਕਦਾ ਪਰ ਨਾਲ ਹੀ ਆਪਣੇ ਪੁਤੱਰ ਹਜ਼ਰਤ ਅਲੀ ਨੂੰ ਸੰਬੋਧਨ ਕਰਕੇ ਬੋਲੇ, ਹਾਂ, ਪੁਤੱਰ ਤੁਸੀਂ ਬੇਸ਼ਕ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਸਾਥ ਦਿਓ ਕਿਉਂਕਿ ਮੈਂਨੂੰ ਵਿਸ਼ਵਾਸ ਹੈ ਕਿ ਉਹ ਤੁਹਾਨੂੰ ਸਿਵਾਏ ਨੇਕੀ ਦੇ ਹੋਰ ਕਿਸੇ ਪਾਸੇ ਨਹੀਂ ਬੁਲਾਏਗਾ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਬਿਆਨ ਕਰਦੇ ਹਨ ਕਿ ਇਕ ਮੌਕੇ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਨੂੰ ਕਿਹਾ ਕਿ ਇਕ ਦਾਵਤ ਦਾ ਪ੍ਰਬੰਧ ਕਰੋ ਅਤੇ ਇਸ ਵਿੱਚ ਬਨੂ ਅਬਦੁਲ ਮੁਤਲਿਬ ਨੂੰ ਬੁਲਾਓ ਤਾਂ ਇਸ ਰਾਹੀਂ ਉਹਨਾ ਤੱਕ ਸਚੱਾਈ ਦਾ ਸੰਦੇਸ਼ ਪਹੁੰਚਾਇਆ ਜਾਏ । ਸੋ, ਹਜ਼ਰਤ ਅਲੀ ਨੇ ਦਾਵਤ ਦਾ ਪ੍ਰਬੰਧ ਕੀਤਾ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਸਾਰੇ ਨੇੜਲੇ ਰਿਸ਼ਤੇਦਾਰਾਂ ਤੇ ਸਾਕ ਸੰਬੰਧੀਆਂ ਨੂੰ ਜੋ ਇਸ ਸਮੇਂ ਘੱਟੋ ਘੱਟ ਚਾਲ੍ਹੀ ਲੋਕ ਸਨ ਇਸ ਦਾਵਤ ਵਿੱਚ ਸੱਦਿਆ । ਜੱਦ ਉਹ ਖਾਣਾ ਖਾ ਚੁੱਕੇ ਤਾਂ ਆਪਨੇ ਕੁਝ ਆਖਣਾ ਚਾਹਿਆ ਤਾਂ ਬਦਬਖ਼ਤ ਅਬੂ ਲਹਬ ਨੇ ਕੁਝ ਅਜਿਹੀ ਗੱਲ ਕਹਿ ਦਿੱਤੀ ਜਿਸ ਨਾਲ ਸਾਰੇ ਲੋਕ ਖਿੰਡ ਪੁੰਡ ਗਏ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਨੂੰ ਫ਼ਰਮਾਇਆ ਕਿ ਇਹ ਮੌਕਾ ਤਾਂ ਜਾਂਦਾ ਰਿਹਾ ਹੈ ਹੁਣ ਫਿਰ ਦਾਵਤ ਦਾ ਪ੍ਰਬੰਧ ਕਰੋ । ਸੋ, ਆਪਦੇ ਰਿਸ਼ਤੇਦਾਰ ਸਾਕ ਸੰਬਧੀ ਫਿਰ ਇਕੱਠੇ ਹੋਏ ਅਤੇ ਆਪ ਨੇ ਉਹਨਾ ਨੂੰ ਇਉਂ ਸੰਬੋਧਨ ਕਰਕੇ ਕਿਹਾ ਕਿ ਹੇ, ਅਬੁਲ ਮੁਤਲਿਬ ਦੇਖੋ ਮੈਂ ਤੁਹਾਡੇ ਵੱਲ ਉਹ ਗੱਲ ਲੈਕੇ ਆਇਆ ਹਾਂ ਕਿ ਇਸ ਤੋਂ ਵੱਧ ਚੰਗੀ ਗੱਲ ਕੋਈ ਵਿਅਕਤੀ ਆਪਣੇ ਕਬੀਲੇ ਵੱਲ ਲੈਕੇ ਨਹੀਂ ਆਇਆ । ਮੈਂ ਤੁਹਾਨੂੰ ਰੱਬ ਵੱਲ ਬੁਲਾਉਂਦਾ ਹਾਂ । ਜੇਕਰ ਤੁਸੀਂ ਮੇਰੀ ਗੱਲ ਮੰਨ੍ਹ ਲਓ ਤਾਂ ਤੁਸੀਂ ਦੀਨ ਤੇ ਦੁਨੀਆ ਦੀਆਂ ਚੰਗੀਆਂ ਨੇਮਤਾ ਦੇ ਵਾਰਸ ਬਣੋਗੇ । ਹੁਣ ਦੱਸੋ ਇਸ ਕੰਮ ਵਿੱਚ ਮੇਰਾ ਸਹਾਇਕ ਕੋਣ ਹੋਵੇਗਾ ? ਸਾਰੇ ਚੁੱਪ ਸਨ, ਹਰ ਪਾਸੇ ਇਕ ਚੁੱਪਚਾਂ ਛਾਈ ਹੋਈ ਸੀ ਕਿ ਅਚਨਚੇਤ ਇਕ ਪਾਸਿਓਂ ਇਕ ਤੇਰ੍ਹਾਂ ਕੁ ਸਾਲ ਦਾ ਦੁਬਲਾ ਪਤਲਾ ਜਿਹਾ ਬਚੱਾ ਜਿਸ ਦੀਆਂ ਅਖੱਾਂ'ਚੋਂ ਪਾਣੀ ਵਹਿ ਰਿਹਾ ਸੀ ਉੱਠਿਆ ਅਤੇ ਇਉਂ ਬੋਲਿਆ, ਬੇਸ਼ਕ ਮੈਂ ਕਮਜ਼ੋਰ ਹਾਂ ਅਤੇ ਸਾਰਿਆਂ ਤੋਂ ਛੋਟਾ ਹਾਂ, ਪਰ ਮੈਂ ਆਪਦਾ ਸਾਥ ਦਿਆਂਗਾ। ਇਹ ਹਜ਼ਰਤ ਅਲੀ ਦੀ ਅਵਾਜ਼ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਦੇ ਇਹ ਸ਼ਬਦ ਸੁਣੇ ਤਾਂ ਆਪ ਜੀ ਨੇ ਰਿਸ਼ਤੇਦਾਰਾਂ ਵੱਲ ਦੇਖਕੇ ਫ਼ਰਮਾਇਆ ਜੇਕਰ ਤੁਸੀਂ ਜਾਣੋ ਤਾਂ ਇਸ ਬੱਚੇ ਦੀ ਗੱਲ ਸੁਣੋ ਅਤੇ ਇਸ ਨੂੰ ਮੰਨ੍ਹੋ । ਸਰੋਤਿਆਂ ਨੇ ਇਹ ਦ੍ਰਿਸ਼ ਦੇਖਿਆ ਤਾਂ ਬਜਾਏ ਸਬਕ ਲੈਂਣਦੇ ਸਾਰਿਆਂ ਨੇ ਹਾਸੇ ਵਿੱਚ ਪਾ ਦਿਤੱਾ ਅਤੇ ਅਬੂ ਲਹਬ ਆਪਣੇ ਵੱਡੇ ਭਰਾ ਅਬੂ ਤਾਲਿਬ ਨੂੰ ਕਹਿਣ ਲਗੱਾ, ਲਓ, ਹੁਣ ਮੁਹਮੱਦ ਤੁਹਾਨੂੰ ਇਹ ਹੁਕਮ ਦਿੰਦਾ ਹੈ ਕਿ ਤੁਸੀਂ ਆਪਣੇ ਪੁਤੱਰ ਦੀ ਪੈਰ੍ਹਵੀ ਕਰੋ ਅਤੇ ਫਿਰ ਇਹ ਲੋਕ ਇਸਲਾਮ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਕਮਜ਼ੋਰੀ ਉਪੱਰ ਹਾਸਾ ਉਡਾਉਂਦਿਆਂ ਹੋਇਆਂ ਨਿਕਲ ਖੜੇ ਹੋਏ ।

ਹਜ਼ਰਤ ਅਲੀ ਦੀ ਕੁਰਬਾਨੀ ਦੀ ਘਟਨਾ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਹਿਜਰਤ ਸਮੇਂ ਹਜ਼ਰਤ ਅਲੀ ਨੇ ਦਿੱਤੀ ਇਸ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ : ਰੱਬ ਨੇ ਹਜ਼ਰਤ ਅਲੀ ਨੂੰ ਇਹ ਮਹਾਨ ਕੁਰਬਾਨੀ ਕਰਨ ਦਾ ਸੰਜੋਗ ਪ੍ਰਦਾਨ ਕੀਤਾ ਕਿ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹਿਜਰਤ ਲਈ ਰਾਤ ਸਮੇਂ ਆਪਣੇ ਘਰ ਵਿੱਚੋਂ ਨਿਕਲਣਾ ਚਾਹਿਆ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਨੂੰ ਫ਼ਰਮਾਇਆ ਤੁਸੀਂ ਮੇਰੇ ਬਿਸਤਰ ਵਿੱਚ ਲੇਟ ਜਾਓ ਤਾਂ ਜੋ ਕੁਫ਼ੱਾਰ ਜੇਕਰ ਝਾਕਣ ਤਾਂ ਉਹਨਾ ਨੂੰ ਇਹੋ ਦਿਖਾਈ ਦਿੰਦਾ ਰਹੇ ਕਿ ਕੋਈ ਵਿਅਕਤੀ ਬਿਸਤਰ'ਚ ਸੌਂ ਰਿਹਾ ਹੈ ਅਤੇ ਉਹ ਪਿਛੱਾ ਕਰਨ ਲਈ ਇਧੱਰ ਉਧੱਰ ਨ ਨਿਕਲਣ । ਉਸ ਸਮੇਂ ਹਜ਼ਰਤ ਅਲੀ ਨੇ ਇਹ ਨਹੀਂ ਕਿਹਾ ਕਿ ਹੇ, ਰਸੂਲੁਲੱਾਹ ਘਰ ਦੇ ਆਲੇ ਦੁਆਲੇ ਤਾਂ ਕੁਰੈਸ਼ਾਂ ਦੇ ਚੁਣੇ ਹੋਏ ਗਭਰੂ ਹਥੱਾਂ ਵਿੱਚ ਨੰਗੀਆਂ ਤਲਵਾਰਾਂ ਲਈ ਖੜੇ ਹਨ । ਜੇਕਰ ਸਵੇਰ ਸਮੇਂ ਉਹਨਾ ਨੂੰ ਪਤਾ ਲਗੱਾ ਕਿ ਆਪ ਕਿਤੇ ਬਾਹਰ ਜਾ ਚੁੱਕੇ ਹਨ ਤਾਂ ਉਹ ਮੇਰੇ ਉਪੱਰ ਹਮਲਾ ਕਰਕੇ ਮੈਨੂੰ ਮਾਰ ਦੇਣਗੇ ਸਗੋਂ ਉਹ ਪੂਰਨ ਸ਼ਾਂਤੀ ਨਾਲ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਬਿਸਤਰ ਵਿੱਚ ਲੇਟ ਗਏ ਅਤੇ ਆਪ ਨੇ ਆਪਣੀ ਚਾਦਰ ਉਹਨਾਂ'ਤੇ ਪਾ ਦਿੱਤੀ । ਜੱਦ ਸਵੇਰ ਹੋਈ ਅਤੇ ਕੁਰੈਸ਼ ਨੇ ਦੇਖਿਆ ਕਿ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਥਾਂ ਹਜ਼ਰਤ ਅਲੀ ਆਪ ਦੇ ਬਿਸਤਰ ਵਿੱਚੋਂ ਉਠੱ ਰਹੇ ਹਨ ਤਾਂ ਉਹ ਆਪਣੀ ਅਸਫ਼ਲਤਾ'ਤੇ ਦੰਦ ਪੀਂਹਦੇ ਰਾਹਿ ਗਏ ਅਤੇ ਉਹਨਾ ਨੇ ਹਜ਼ਰਤ ਅਲੀ ਨੂੰ ਫੜਿਆ ਤੇ ਮਾਰਨਾ ਕੁਟੱਣਾ ਸ਼ੁਰੂ ਕਰ ਦਿਤੱਾ ਪਰ ਇਸ ਨਾਲ ਕੀ ਹੋ ਸਕਦਾ ਸੀ । ਰੱਬ ਦੀ ਮਰਜ਼ੀ ਪੂਰੀ ਹੋ ਚੁੱਕੀ ਸੀ ਅਤੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਸਲਾਮਤੀ ਨਾਲ ਸੁਰੱਖਿਆ ਪੂਰਬਕ ਮੱਕੇ'ਚੋਂ ਬਾਹਰ ਜਾ ਚੁੱਕੇ ਸਨ । ਇਸ ਸਮੇਂ ਹਜ਼ਰਤ ਅਲੀ ਨੂੰ ਕੀ ਪਤਾ ਸੀ ਕਿ ਮੈਨੂੰ ਇਸ ਇਮਾਨ ਦੇ ਬਦਲੇ ਕੀ ਮਿਲਣ ਵਾਲਾ ਹੈ । ਹਾਂ, ਰੱਬ ਜਾਣਦਾ ਸੀ ਕਿ ਇਸ ਕੁਰਬਾਨੀ ਦੇ ਬਦਲੇ ਵਿੱਚ ਕੇਵਲ ਹਜ਼ਰਤ ਅਲੀ ਹੀ ਨਹੀਂ ਸਨਮਾਨ ਪਾਉਣਗੇ ਸਗੋਂ ਹਜ਼ਰਤ ਅਲੀ ਦੀ ਸੰਤਾਨ ਵੀ ਸਨਮਾਨ ਪ੍ਰਾਪਤ ਕਰੇਗੀ । ਸੋ, ਰੱਬ ਨੇ ਹਜ਼ਰਤ ਅਲੀ'ਤੇ ਪਹਿਲੀ ਮਿਹਰ ਤਾਂ ਇਹ ਕੀਤੀ ਕਿ ਇਹਨਾ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਦਾਮਾਦ (ਜਵਾਈ) ਬਣਾਉਣ ਦਾ ਸੰਜੋਗ ਪ੍ਰਦਾਨ ਕੀਤਾ । ਦੂਜੀ ਮਿਹਰ ਰੱਬ ਨੇ ਉਹਨਾਂ'ਤੇ ਇਹ ਕੀਤੀ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਮਨ ਵਿੱਚ ਇਹਨਾ ਲਈ ਐਨ੍ਹਾ ਪ੍ਰੇਮ ਪੈਦਾ ਕਰ ਦਿਤੱਾ ਕਿ ਆਪ ਨੇ ਅਨੇਕਾਂ ਵਾਰੀ ਇਹਨਾ ਦੀ ਪ੍ਰਸ਼ੰਸਾ ਕੀਤੀ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਮੁਕਰੱਮ ਡਾਕਟਰ ਮਹਮੂਦ ਸਾਹਬ ਸ਼ਹੀਦ ਪਾਕਿਸਤਾਨ, ਮੁਕਰੱਮ ਜਮਾਲੁੱਦੀਨ ਮਹਮੂਦ ਸਾਹਬ ਆਫ਼ ਸੀਰਾਲੀਉਨ, ਮੁਕਰੱਮਾ ਅਮਤੁਸੱਲਾਮ ਸਾਹਿਬਾ ਸੁਪਤੱਨੀ ਮੁਕਰੱਮ ਚੌਧਰੀ ਸਲਾਹੁੱਦੀਨ ਮਰਹੂਮ ਰਬਵਾਹ, ਮੁਕਰੱਮਾ ਮਨਸੂਰ ਬੁਸ਼ਰਾ ਸਾਹਿਬਾ ਮਾਤਾ ਡਾਕਟਰ ਲਤੀਫ਼ ਕੁਰੈਸ਼ੀ ਸਾਹਬ ਦਾ ਜਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜੁਮਏ ਦੇ ਬਾਦ ਇਹਨਾ ਸਾਰਿਆਂ ਮਰਹੂਮਾਂ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਈ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ
یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی
وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 27.11.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131